ਦਫਤਰ ਡਿਪਟੀ ਕਮਿਸ਼ਨਰ, ਕਪੂਰਥਲਾ
Tele. No. 01822 - 233777-O, 233776-R, 233393-F
Email dckapurthala@gmail.com

ਹੁਕਮ

ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਪ੍ਰਾਈਵੇਟ ਸਕੂਲਾਂ ਵੱਲੋ ਅਕੈਡਮਿਕ ਸੈਸ਼ਨ 2020-21 ਦੇ ਦਾਖਲਿਆ ਸਬੰਧੀ ਫੀਸਾਂ ਦੀ ਮੰਗ ਕੀਤੀ ਜਾ ਰਹੀ ਹੈ।ਡਾਇਰੈਕਟਰ, ਸਿਖਿਆ ਵਿਭਾਗ ਪੰਜਾਬ ਦੇ ਮੀਮੋ ਨੰਬਰ 04/08-2020ਗ੍ਰਾਂਟ/ਪੈਨਸ਼ਨ2 (1) ਮਿਤੀ , ਐਸ.ਏ.ਐਸ. ਨਗਰ , 23-03-2020 ਅਨੁਸਾਰ ਜਾਰੀ ਹੋਈਆ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਮੈ ਦੀਪਤੀ ਉਪਲ, ਆਈ.ਏ.ਐਸ. ਡਿਪਟੀ ਕਮਿਸ਼ਨਰ, ਕਪੂਰਥਲਾ ਹੁਕਮ ਕਰਦੀ ਹਾਂ ਕਿ ਪੰਜਾਬ ਰਾਜ ਵਿੱਚ ਕਰੋਨਾ ਵਾਇਰਸ ਦੇ ਕਾਰਨ ਪੈਦਾ ਹੋਏ ਹਾਲਾਤਾਂ ਦੇ ਮੱਦੇ ਨਜ਼ਰ ਸਮੂਹ ਗੈਰ ਸਰਕਾਰੀ ਵਿਦਿਅਕ ਸੰਸਥਾਵਾਂ ਨੂੰ ਪੇਰੈਂਟਸ ਦੇ ਹਿੱਤਾ ਨੂੰ ਮੁੱਖ ਰੱਖਦੇ ਹੋਏ ਅੰਤਿਮ ਮਿਤੀ ਨੂੰ ਰੀਸ਼ੈਡਿਊਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਹਾਲਾਤ ਸੁਧਰਨ ਉਪਰੰਤ ਸਬੰਧਤ ਵਿਦਿਆਰਥੀਆ ਦੇ ਮਾਪਿਆ ਨੂੰ ਦਾਖਲਿਆਂ ਦੀ ਫੀਸ ਜਮਾਂ ਕਰਾਉਣ ਲਈ ਇਕ ਮਹੀਨੇ ਦਾ ਸਮਾਂ ਜ਼ਰੂਰ ਉਪਲੱਬਧ ਹੋਵੇ ਅਤੇ ਫੀਸ ਲੈਣ ਸਮੇਂ ਕੋਈ ਵਾਧੂ ਜੁਰਮਾਨਾ ਆਦਿ ਨਾ ਲਗਾਇਆ ਜਾਵੇ। ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਕਿਸੇ ਵੀ ਕਿਸਮ ਦੀ ਸ਼ਿਕਾਇਤ ਮਿਲਣ ਤੇ ਸਬੰਧਤ ਸਕੂਲਾਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਡਿਪਟੀ ਕਮਿਸ਼ਨਰ,
ਕਪੂਰਥਲਾ।

ਪਿਠਅੰਕਣ ਨੰਬਰ 1988-95/ਐਮ.ਏ. ਮਿਤੀ 11.4.2020

ਇਸ ਦਾ ਇਕ ਉਤਾਰਾ:

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਐਸ.ਏ.ਐਸ. ਨਗਰ ਮੋਹਾਲੀ
2. ਵਧੀਕ ਡਿਪਟੀ ਕਮਿਸ਼ਨਰ,(ਜਨ) ਕਪੂਰਥਲਾ/ਫਗਵਾੜਾ
3. ਸਹਾਇਕ ਕਮਿਸ਼ਨਰ (ਜਨ) ਕਪੂਰਥਲਾ
4. ਜ਼ਿਲਾ ਸਿਖਿਆ ਅਫਸਰ (ਸੈ.ਸਿ)/(ਐ.ਸਿ) ਕਪੂਰਥਲਾ
5. ਪੀ.ਏ. ਟੂ ਡਿਪਟੀ ਕਮਿਸ਼ਨਰ , ਕਪੂਰਥਲਾ

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ,
ਕਪੂਰਥਲਾ।

Scanned with CamScanner